www.jagbani.com /jagbanionline /jagbanionline /jagbanipb ਜਗ ਬਾਣੀ

ਫਿਲਮ 'ਥਾਪੀ' ਰਾਹੀਂ ਪਰਦੇ 'ਤੇ ਵੇਖਣ ਨੂੰ ਮਿਲੇਗੀ ਔਰਤਾਂ ਦੇ ਸੰਘਰਸ਼ ਦੀ ਕਹਾਣੀ

16 ਅਕਤੂਬਰ ਨੂੰ ਸਿਨੇਮਾਘਰਾਂ 'ਚ ਹੋਵੇਗੀ ਰਿਲੀਜ਼

ਜਲੰਧਰ (ਚੈਰੀ ਭਗਤ)- ਸਮਾਟਰਸ ਫਿਲਮਜ਼ ਦੇ ਅਮਨਪ੍ਰੀਤ ਸਿੰਘ ਪੰਜਾਬੀ ਸਿਨੇਮਾ ਦੇ ਦਰਸ਼ਕਾਂ ਲਈ ਨਵੀਂ ਫਿਲਮ 'ਥਾਪੀ' 16 ਅਕਤੂਬਰ ਨੂੰ ਲੈ ਕੇ ਆ ਰਹੇ ਹਨ। ਜਗਦੀਪ ਵੜਿੰਗ ਦੇ ਨਿਰਦੇਸ਼ਨ 'ਚ ਬਣੀ ਫਿਲਮ 'ਥਾਪੀ' ਵਿਚ ਨੀਰੂ ਬਾਜਵਾ ਤੇ ਬਾਲੀਵੁੱਡ ਅਦਾਕਾਰ ਸਨੀ ਸਿੰਘ ਮੁੱਖ ਭੂਮਿਕਾਵਾਂ 'ਚ ਨਜ਼ਰ ਆਉਣਗੇ। ਫਿਲਮ 'ਚ ਪੰਜਾਬ ਦੇ ਪੇਂਡੂ ਮਾਹੌਲ ਦੇ ਨਾਲ-ਨਾਲ ਪਰਿਵਾਰਕ ਰਿਸ਼ਤਿਆਂ, ਔਰਤਾਂ ਦੇ ਸੰਘਰਸ਼, ਕਬੱਡੀ ਤੇ ਆਪਣੇ ਹੱਕ ਲਈ ਲੜਨ ਦੀ ਕਹਾਣੀ ਨੂੰ ਬੇਹੱਦ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਗਿਆ ਹੈ।

ਫਿਲਮ ਦੀ ਕਹਾਣੀ ਤੇ ਨਿਰਦੇਸ਼ਨ ਜਗਦੀਪ ਵੜਿੰਗ ਨੇ ਕੀਤਾ ਹੈ, ਜਦਕਿ ਫਿਲਮ ਦੇ ਨਿਰਮਾਤਾ ਅਮਨਪ੍ਰੀਤ ਸਿੰਘ ਹਨ। ਫਿਲਮ 'ਚ ਨੀਰੂ ਬਾਜਵਾ ਅਤੇ ਸੰਨੀ ਸਿੰਘ ਤੋਂ ਇਲਾਵਾ ਸੁਖਵਿੰਦਰ ਚਾਹਲ, ਹਸ਼ਨੀਨ ਚੌਹਾਨ, ਸਾਵਣ ਰੂਪੋਵਾਲੀ, ਪਵਨ ਜੌਹਲ, ਸਿਮਰਨ ਚਾਹਲ, ਨਿਕਿਤਾ ਗਰੋਵਰ, ਪ੍ਰਵੀਨ ਖ਼ਾਨ, ਸੀਮਾ ਕੌਸ਼ਲ, ਮਲਕੀਤ ਰੌਣੀ, ਕੇਵਲ ਧਾਲੀਵਾਲ, ਸਾਹਿਬ ਸਿੰਘ, ਤਰਸੇਮ ਪਾਲ, ਗੋਪੀ ਭੱਲਾ ਤੇ ਰਵਿੰਦਰ ਮੰਡ ਸਮੇਤ ਕਈ ਕਲਾਕਾਰ ਅਹਿਮ ਭੂਮਿਕਾਵਾਂ 'ਚ ਨਜ਼ਰ ਆਉਣਗੇ।

ਫਿਲਮ ਦੇ ਕਿਰਦਾਰਾਂ, ਸ਼ੂਟਿੰਗ ਦੇ ਤਜਰਬਿਆਂ 'ਤੇ ਫਿਲਮ ਦੀ ਸਟਾਰਕਾਸਟ ਨੀਰੂ ਬਾਜਵਾ, ਸਨੀ ਸਿੰਘ, ਪ੍ਰਵੀਨ ਖਾਨ ਤੇ ਫਿਲਮ ਦੇ ਲੇਖਕ-ਨਿਰਦੇਸ਼ਕ ਜਗਦੀਪ ਵੜਿੰਗ ਵੱਲੋਂ 'ਜਗ ਬਾਣੀ' ਦੇ ਪ੍ਰਤੀਨਿਧੀ ਅਰੁਣ ਨਿਰਵਾਣ ਨਾਲ ਕੀਤੀ ਖ਼ਾਸ ਗੱਲਬਾਤ ਦੇ ਕੁਝ ਅੰਸ਼ :-

ਸਵਾਲ : 'ਥਾਪੀ' ਫਿਲਮ ਦਾ ਵਿਚਾਰ ਕਿਵੇਂ ਆਇਆ ?

ਜਗਦੀਪ ਵੜਿੰਗ- ਸਾਲ 2012-13 'ਚ ਕਬੱਡੀ ਕੱਪ ਦੌਰਾਨ ਇਕ ਫੋਟੋ ਵਾਇਰਲ ਹੋਈ ਸੀ। ਉਸ ਫੋਟੋ 'ਚ ਕੁੜੀਆਂ ਕੱਪ ਲੈ ਕੇ ਸੜਕ 'ਤੇ ਖੜ੍ਹੀਆਂ ਸਨ ਤੇ ਉਨ੍ਹਾਂ ਨੂੰ ਕੋਈ ਵੀ ਰਿਸੀਵ ਕਰਨ ਨਹੀਂ ਆਇਆ ਸੀ। ਉਹੀ ਫੋਟੋ ਕਾਫੀ ਸਮਾਂ ਮੇਰੇ ਫੋਨ 'ਚ ਰਹੀ, ਜਿਸ ਤੋਂ ਬਾਅਦ ਉਨ੍ਹਾਂ ਦੇ ਮਨ 'ਚ ਇਸੇ ਵਿਸ਼ੇ 'ਤੇ ਫਿਲਮ ਬਣਾਉਣ ਦਾ ਖਿਆਲ ਆਇਆ।

ਸਵਾਲ : ਸਕ੍ਰੀਨ 'ਤੇ ਹਮੇਸ਼ਾ ਗਲੈਮਰਸ ਲੁੱਕ 'ਚ ਨਜ਼ਰ ਆਉਣ ਵਾਲੀ ਨੀਰੂ ਇਸ ਵਾਰ ਨਵੇਂ ਅਵਤਾਰ ਨਾਲ ਦਰਸ਼ਕਾਂ ਨੂੰ ਕਿਵੇਂ ਇੰਪ੍ਰੈਸ ਕਰੇਗੀ ?

ਨੀਰੂ ਬਾਜਵਾ - ਇਹ ਕਿਰਦਾਰ ਮੇਰੇ ਕਰੀਅਰ ਦਾ ਸਰੀਰਕ ਤੌਰ 'ਤੇ ਸਭ ਤੋਂ ਔਖਾ ਅਤੇ ਚੁਣੌਤੀਪੂਰਨ ਰੋਲ ਰਿਹਾ। ਜੇਕਰ ਮੈਂ 25 ਸਾਲ ਇੱਕੋ ਜਿਹੇ ਰੋਲ (ਜਿਵੇਂ ਜੱਟ ਐਂਡ ਜੂਲੀਅਟ ਦੀ ਪੂਜਾ) ਕਰਦੀ ਰਹਾਂਗੀ ਤਾਂ ਦਰਸ਼ਕ ਵੀ ਬੋਰ ਹੋ ਜਾਣਗੇ। ਇਸ ਵਾਰ ਤੁਹਾਨੂੰ ਨੀਰੂ ਬਾਜਵਾ ਨਵੀਂ ਲੁੱਕ 'ਚ ਵੇਖਣ ਨੂੰ ਮਿਲੇਗੀ।

ਸਵਾਲ: ਕਿਸੇ ਵੀ ਖੇਤਰ 'ਚ ਆਪਣੇ ਪਾਰਟਨਰ ਦਾ ਸਪੋਰਟ ਕਿੰਨੀ ਜ਼ਰੂਰੀ ਹੈ ?

ਨੀਰੂ ਬਾਜਵਾ-ਇਕ ਵਧੀਆ ਪਾਰਟਨਰ ਤੁਹਾਨੂੰ ਬਣਾ ਵੀ ਸਕਦਾ ਹੈ ਤੇ ਤੋੜ ਵੀ ਸਕਦਾ ਹੈ। ਮੇਰੀਆਂ 3 ਧੀਆਂ ਹਨ ਤੇ ਜੇਕਰ ਮੇਰਾ ਪਤੀ ਵਧੀਆ ਪਿਤਾ ਨਾ ਹੁੰਦਾ, ਸਪੋਰਟ ਨਾ ਕਰਦਾ ਤਾਂ ਮੈਂ ਇੱਥੇ ਕੰਮ ਨਾ ਕਰ ਪਾਉਂਦੀ।

ਸਵਾਲ : ਨਵੀਂ ਭੂਮਿਕਾ ਨਿਭਾਉਣ ਵੇਲੇ ਡਰ ਨਹੀਂ ਲੱਗਾ ?

ਨੀਰੂ ਬਾਜਵਾ - ਬਿਲਕੁਲ ਵੀ ਨਹੀਂ। ਮੇਰਾ ਇਕੋ ਧਿਆਨ ਸਿਰਫ ਆਪਣੇ ਕਿਰਦਾਰ ਅਤੇ ਭੂਮਿਕਾ ਵੱਲ ਸੀ। ਮੈਂ ਆਪਣਾ 100 ਫੀਸਦੀ ਦੇਣਾ ਸੀ ਸੋ ਮੈਂ ਦਿੱਤਾ। ਦਰਸ਼ਕ ਸਾਨੂੰ ਹਰ ਰੂਪ 'ਚ ਦੇਖਣਾ ਚਾਹੁੰਦੇ ਹਨ, ਕਿਉਂਕਿ ਉਹ ਇਕੋ ਕਿਰਦਾਰ 'ਚ ਵੇਖ ਕੇ ਅੱਕ ਚੁੱਕੇ ਹਨ।

ਸਵਾਲ : ਬਾਲੀਵੁੱਡ ਤੋਂ ਬਾਅਦ ਪੰਜਾਬੀ ਫਿਲਮ 'ਥਾਪੀ' ਨਾਲ ਜੁੜਨ ਦਾ ਸਬੱਬ ਕਿਵੇਂ ਬਣਿਆ ?

ਸਨੀ ਸਿੰਘ- ਮੇਰੀ ਮੰਮੀ ਹਮੇਸ਼ਾ ਚਾਹੁੰਦੀ ਸੀ ਕਿ ਮੈਂ ਪੰਜਾਬੀ ਫਿਲਮਾਂ ਨਾਲ ਜੁੜਾਂ। ਜਦੋਂ ਜਗਦੀਪ ਭਾਜੀ ਨੇ ਫੋਨ ਕੀਤਾ ਤਾਂ ਮੈਂ ਨਿਰਦੇਸ਼ਕ ਦੇ ਵਿਜ਼ਨ ਤੇ ਕੰਟੈਂਟ ਤੋਂ ਬਹੁਤ ਪ੍ਰਭਾਵਿਤ ਹੋਇਆ ਤੇ 5-7 ਮਿੰਟਾਂ 'ਚ ਹੀ ਹਾਂ ਕਰ ਦਿੱਤੀ।

ਸਵਾਲ : ਫਿਲਮ 'ਚ ਤੁਹਾਡੇ ਕਿਰਦਾਰ ਤੇ ਸਪੋਰਟ ਸਿਸਟਮ ਦੀ ਕੀ ਅਹਿਮੀਅਤ ਹੈ ?

ਸਨੀ ਸਿੰਘ- ਕਿਸੇ ਵੀ ਖੇਤਰ 'ਚ ਪਾਰਟਨਰ ਜਾਂ ਪਰਿਵਾਰ ਦਾ ਸਹਿਯੋਗ ਹੋਣਾ ਸਭ ਤੋਂ ਜ਼ਰੂਰੀ ਹੈ। ਫਿਰ ਹੀ ਤੁਸੀਂ ਆਪਣਾ ਕੰਮ ਵਧੀਆ ਤਰੀਕੇ ਨਾਲ ਕਰ ਸਕਦੇ ਹੋ। ਫਿਲਮ 'ਚ ਉਹ ਅਜਿਹੇ ਪਤੀ ਦਾ ਰੋਲ ਨਿਭਾਅ ਰਹੇ ਹਨ, ਜੋ ਆਪਣੀ ਪਤਨੀ (ਨੀਰੂ ਬਾਜਵਾ) ਦੇ ਸੁਫਨਿਆਂ ਨੂੰ ਪੂਰਾ ਕਰਨ 'ਚ ਹਮੇਸ਼ਾ ਉਸ ਦਾ ਸਾਥ ਦਿੰਦਾ ਹੈ।

ਸਵਾਲ: ਜਦੋਂ ਤੁਸੀਂ ਰੀਅਲ ਲਾਈਫ ਸਪੋਰਟਸ ਤੋਂ ਸਿਨੇਮਾ ਇੰਡਸਟਰੀ 'ਚ ਆਏ ਤਾਂ ਤੁਹਾਨੂੰ ਕੀ ਬਦਲਾਅ ਮਹਿਸੂਸ ਹੋਇਆ ?

ਪ੍ਰਵੀਨ ਖਾਨ- ਜਦੋਂ ਮੈਂ ਇਸ ਇੰਡਸਟਰੀ 'ਚ ਆਈ ਤਾਂ ਮੈਨੂੰ ਇੰਡਸਟਰੀ ਦੇ ਲੋਕਾਂ ਨੇ ਬਹੁਤ ਪਿਆਰ ਨਾਲ ਅਪਣਾਇਆ। ਜਿਵੇਂ ਕ੍ਰਿਕਟ 'ਚ ਪ੍ਰੈਕਟਿਸ ਕਰਦੀ ਸੀ, ਉਸੇ ਤਰ੍ਹਾਂ ਕਬੱਡੀ ਦੀ ਵੀ ਪ੍ਰੈਕਟਿਸ ਕੀਤੀ, ਉਦੋਂ ਅਹਿਸਾਸ ਹੋਇਆ ਕਿ ਕਬੱਡੀ ਵੀ ਸਰੀਰਕ ਤੇ ਮਾਨਸਿਕ ਤੌਰ 'ਤੇ ਬਹੁਤ ਮੁਸ਼ਕਲ ਗੇਮ ਹੈ।

ਫ਼ਿਲਮ ਦੇ ਨਿਰਮਾਤਾ ਅਮਨਪ੍ਰੀਤ ਸਿੰਘ ਵੱਲੋਂ ਇਕ ਖ਼ਾਸ ਸੰਦੇਸ਼

'ਥਾਪੀ' ਫਿਲਮ ਦੇ ਨਿਰਮਾਤਾ ਅਮਨਪ੍ਰੀਤ ਸਿੰਘ ਨੇ ਫਿਲਮ ਦੇ ਅਸਲ ਮਨੋਰਥ ਨੂੰ ਸਪੱਸ਼ਟ ਕੀਤਾ ਹੈ। ਉਨ੍ਹਾਂ ਅਨੁਸਾਰ ਇਹ ਫਿਲਮ ਸਿਰਫ਼ ਸਿਨੇਮਾ ਜਾਂ ਰਵਾਇਤੀ ਪ੍ਰਮੋਸ਼ਨ ਤੱਕ ਸੀਮਤ ਨਹੀਂ ਹੈ, ਸਗੋਂ ਕਬੱਡੀ ਖੇਡ ਲਈ ਕੁਝ ਸਾਰਥਕ ਕਰਨ ਅਤੇ ਖਿਡਾਰੀਆਂ ਦੇ ਸੰਘਰਸ਼ ਨੂੰ ਸਨਮਾਨ ਦਿਵਾਉਣ ਦੀ ਇਕ ਕੋਸ਼ਿਸ਼ ਹੈ।

ਉਨ੍ਹਾਂ ਨੇ ਮਹਿਸੂਸ ਕੀਤਾ ਕਿ ਜਿਨ੍ਹਾਂ ਖਿਡਾਰੀਆਂ ਨੇ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ ਕਬੱਡੀ ਲਈ ਸਮਰਪਿਤ ਕੀਤਾ ਹੈ ਅਤੇ ਫਿਰ ਵੀ ਅਣਗੌਲੇ ਰਹੇ ਹਨ, ਉਨ੍ਹਾਂ ਦੀਆਂ ਕਹਾਣੀਆਂ ਲੋਕਾਂ ਤੱਕ ਪਹੁੰਚਾਉਣਾ ਅਤੇ ਉਨ੍ਹਾਂ ਦੀ ਬਣਦੀ ਮਦਦ ਕਰਨਾ ਇਕ ਧਾਰਮਿਕ ਅਤੇ ਸਮਾਜਿਕ ਜ਼ਿੰਮੇਵਾਰੀ ਹੈ। ਨਿਰਮਾਤਾ ਦੀ ਚਾਹਤ ਹੈ ਕਿ 'ਥਾਪੀ' ਸਿਰਫ਼ ਇਕ ਫਿਲਮ ਬਣ ਕੇ ਨਾ ਰਹਿ ਜਾਵੇ, ਸਗੋਂ ਇਕ ਅਜਿਹੀ ਮੁਹਿੰਮ ਬਣੇ ਜੋ ਸਮਾਜ ਨੂੰ ਇਨ੍ਹਾਂ ਖਿਡਾਰੀਆਂ ਦੀ ਕਦਰ ਕਰਨ ਲਈ ਪ੍ਰੇਰਿਤ ਕਰੇ ਅਤੇ ਪਰਦੇ ਤੋਂ ਅੱਗੇ ਵਧ ਕੇ ਉਨ੍ਹਾਂ ਦੇ ਜੀਵਨ ਵਿਚ ਅਸਲ ਬਦਲਾਅ ਲਿਆ ਸਕੇ।

ਪਾਕਿ 'ਚ ਲਸ਼ਕਰ-ਏ-ਤੋਇਬਾ ਦੇ ਸੀਨੀਅਰ ਕਮਾਂਡਰ ਦਾ ਦਿਨ-ਦਿਹਾੜੇ ਗੋਲੀ ਮਾਰ ਕੇ ਕਤਲ

ਗੁਰਦਾਸਪੁਰ/ਲਾਹੌਰ, 14 ਅਕਤੂਬਰ (ਵਿਨੋਦ)- ਪਾਕਿਸਤਾਨ ਦੇ ਪੰਜਾਬ ਸੂਬੇ ਵਿਚ ਇਕ ਅਣਪਛਾਤੇ ਬੰਦੂਕਧਾਰੀ ਵਲੋਂ ਅੱਤਵਾਦੀ ਸੰਗਠਨ ਲਸ਼ਕਰ-ਏ-ਤੋਇਬਾ ਦੇ ਸੀਨੀਅਰ ਕਮਾਂਡਰ ਇਮਰਾਨ ਨੂੰ ਦਿਨ-ਦਿਹਾੜੇ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਇਸ ਖੂਨੀ ਵਾਰਦਾਤ ਦੀ ਇਕ ਸੀ. ਸੀ. ਟੀ. ਵੀ. ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ।

ਸੂਤਰਾਂ ਅਨੁਸਾਰ ਵਾਇਰਲ ਵੀਡੀਓ ਵਿਚ ਦੇਖਿਆ ਜਾ ਸਕਦਾ ਹੈ ਕਿ ਜਦੋਂ ਇਮਰਾਨ ਮੋਟਰਸਾਈਕਲ 'ਤੇ ਇਕ ਕੰਪਲੈਕਸ ਦੇ ਗੇਟ ਤੋਂ ਬਾਹਰ ਆ ਰਿਹਾ ਸੀ ਤਾਂ ਚਿੱਟੇ ਕੱਪੜੇ ਪਹਿਨੇ ਇਕ ਹਮਲਾਵਰ ਨੇ ਉਸ 'ਤੇ ਤਾਬੜਤੋੜ ਗੋਲੀਆਂ ਚਲਾ ਦਿੱਤੀਆਂ। ਜਦੋਂ ਪੀੜਤ ਨੇ ਬਚਾਅ ਦੀ ਕੋਸ਼ਿਸ਼ ਕੀਤੀ ਤਾਂ ਹਮਲਾਵਰ ਨੇ ਆਪਣੇ ਬੈਗ 'ਚੋਂ ਦੂਜੀ ਪਿਸਤੌਲ ਕੱਢ ਕੇ ਉਸ 'ਤੇ ਹੋਰ ਫਾਇਰਿੰਗ ਕੀਤੀ ਅਤੇ ਮੌਕੇ ਤੋਂ ਫਰਾਰ ਹੋ ਗਿਆ।

IDBI BANK BANK AISA DOST JAISA

ਕਪੂਰਥਲਾ (ਪੰਜਾਬ) ਵਿਖੇ ਲੋੜੀਂਦੇ ਦਫ਼ਤਰੀ ਅਹਾਤੇ

[illegible] ਅਰਜ਼ੀ ਦੇ ਸਕਦੀਆਂ ਹਨ। ਸ਼੍ਰੀ ਸ਼ੋਭਿਤ ਜੈਨ, ਸੀਨੀਅਰ ਵਰਟੀਕਲ ਮੁੱਖ, ਅੰਮ੍ਰਿਤਸਰ ਖੇਤਰ, ਮਜੀਠਾ ਰੋਡ, ਅੰਮ੍ਰਿਤਸਰ, ਪਲਾਟ ਨੰਬਰ 2 ਅਤੇ 3, ਅੰਜਲੀ ਸਾੜੀ ਦੀ ਦੁਕਾਨ ਦੇ ਸਾਹਮਣੇ, ਅੰਮ੍ਰਿਤਸਰ – 143001. 25 ਅਕਤੂਬਰ 2026 ਨੂੰ ਸ਼ਾਮ 06:00 ਵਜੇ ਤੱਕ ਪ੍ਰਾਪਤ ਪ੍ਰਸਤਾਵਾਂ ਨੂੰ ਹੀ ਸਵੀਕਾਰ ਕੀਤਾ ਜਾਵੇਗਾ। ਅਰਜ਼ੀ "ਪੇਸ਼ਕਸ਼ ਜਮ੍ਹਾਂ ਕਰਨ ਲਈ ਹਦਾਇਤਾਂ/ਦਿਸ਼ਾ-ਨਿਰਦੇਸ਼ਾਂ" ਅਨੁਸਾਰ ਦਿੱਤੀ ਜਾਣੀ ਚਾਹੀਦੀ ਹੈ। ਜਾਇਦਾਦ ਦੀ ਪੇਸ਼ਕਸ਼ ਕਰਨ ਵਾਲੇ ਜਾਇਦਾਦ ਏਜੰਟਾਂ ਨੂੰ ਮਕਾਨ ਮਾਲਕਾਂ ਤੋਂ ਅਧਿਕਾਰ ਪੱਤਰਾਂ ਦੇ ਨਾਲ ਪੂਰੇ ਵੇਰਵਿਆਂ ਦੇ ਨਾਲ ਆਪਣੀਆਂ ਪੇਸ਼ਕਸ਼ਾਂ ਜਮ੍ਹਾਂ ਕਰਾਉਣ। ਬੈਂਕ ਦੁਆਰਾ ਕੋਈ ਦਲਾਲੀ ਦਾ ਭੁਗਤਾਨ ਨਹੀਂ ਕੀਤਾ ਜਾਵੇਗਾ। IDBI ਬੈਂਕ ਲਿਮਟਿਡ ਬਿਨਾਂ ਕਿਸੇ ਕਾਰਨ ਦੱਸੇ ਕਿਸੇ ਵੀ ਜਾਂ ਸਾਰੀਆਂ ਪੇਸ਼ਕਸ਼ਾਂ ਨੂੰ ਸਵੀਕਾਰ ਜਾਂ ਅਸਵੀਕਾਰ ਕਰਨ ਦਾ ਅਧਿਕਾਰ ਰੱਖਦਾ ਹੈ। ਪ੍ਰਫਾਰਮਾਂ ਸਾਡੀ ਬੈਂਕ ਵੈੱਬਸਾਈਟ www.idbibank.in ਤੋਂ ਨੋਟਿਸ-ਟੈਂਡਰ ਅਧੀਨ ਡਾਊਨਲੋਡ ਕੀਤੇ ਜਾ ਸਕਦੇ ਹਨ ਜਾਂ ਸਾਡੀ ਕਿਸੇ ਵੀ ਸ਼ਾਖਾ ਤੋਂ ਲਿੱਤੇ ਜਾ ਸਕਦੇ ਹਨ। ਸੀ/-

ਮਿਤੀ: 14.10.2026 ਸਥਾਨ: ਅੰਮ੍ਰਿਤਸਰ ਮੁੱਖ ਜਨਰਲ ਮੈਨੇਜਰ (ਚੰਡੀਗੜ੍ਹ ਜ਼ੋਨ)

ਰਜਿਸਟਰੀ ਨੰ. ਡੀ.ਐਲ.-33004/99 REGD.NO. D.L.-33004/99

ਭਾਰਤ ਦਾ ਰਾਜਪੱਤਰ
The Gazette of India

ਸੀ.ਜੀ.-ਡੀ.ਐਲ.-ਅ.-10102026-277026
CG-DL-E-10102026-277026
ਅਸਾਧਾਰਨ
EXTRAORDINARY
ਭਾਗ II-ਸੈਕਸ਼ਨ 3-ਉਪ-ਸੈਕਸ਼ਨ (ii)
PART II-Section 3-Sub-section (ii)
ਪ੍ਰਾਧਿਕਾਰ ਤੋਂ ਪ੍ਰਕਾਸ਼ਿਤ
PUBLISHED BY AUTHORITY

ਨੰ. 5184] ਨਵੀਂ ਦਿੱਲੀ, ਬੁਧਵਾਰ, ਸਤੰਬਰ 30, 2026/ਆਸ਼ਵਿਨ 8, 1948
No. 5184] NEW DELHI, WEDNESDAY, SEPTEMBER 30, 2026/ASVINA 8, 1948

ਰੇਲ ਮੰਤਰਾਲਾ
(ਉੱਤਰ ਰੇਲਵੇ)
ਅਧਿਸੂਚਨਾ
ਫਿਰੋਜ਼ਪੁਰ, 30 ਸਤੰਬਰ, 2026

ਕਾ.ਆ. 5392 (ਅ).-ਰੇਲਵੇ (ਸੰਸ਼ੋਧਨ) ਅਧਿਨਿਯਮ- 2008, ਦੀ ਧਾਰਾ 2 ਦੇ ਸੈਕਸ਼ਨ 20 ਐਫ (6) ਦੁਆਰਾ ਪ੍ਰਦਤ ਸ਼ਕਤੀਆਂ ਦਾ ਪ੍ਰਯੋਗ ਕਰਦੇ ਹੋਏ, ਕੇਂਦਰੀ ਸਰਕਾਰ ਇਸ ਦੁਆਰਾ ਸਰਕਾਰੀ ਰਾਜਪੱਤਰ ਵਿਚ ਅਧਿਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ ਪ੍ਰਭਾਵੀ ਹੇਠਾਂ ਤਾਲਿਕਾ ਦੇ ਕਾਲਮ (2) ਵਿਚ ਵਰਣਿਤ ਅਧਿਕਾਰੀ ਨੂੰ ਪ੍ਰਾਧਿਕ੍ਰਿਤ ਕਰਦੀ ਹੈ ਕਿ ਇਹ ਤਾਲਿਕਾ ਦੇ ਕਾਲਮ (4) ਵਿਚ ਵਰਣਿਤ ਰੇਲਵੇ ਪ੍ਰੋਜੈਕਟਾਂ ਦੇ ਕੰਮ ਨਿਪਟਾਰੇ, ਅਨੁਪਾਲਨ, ਪ੍ਰਬੰਧਨ ਅਤੇ ਪਰਿਚਾਲਨ ਲਈ ਕਾਲਮ (3) ਵਿਚ ਵਰਣਿਤ ਰਾਜ ਵਿਚ ਆਬ੍ਰਿਟ੍ਰੇਟਰ ਦੇ ਰੂਪ ਵਿਚ ਕੰਮ ਨਿਪਟਾਰਾ ਕਰਨ।

ਤਾਲਿਕਾ

ਲੜੀਵਾਰ	ਆਬ੍ਰਿਟ੍ਰੇਟਰ	ਜਨਪਦ	ਰਾਜ	ਰੇਲਵੇ ਪਰਿਯੋਜਨਾ ਦਾ ਨਾਮ
1.	2.	3.	4.	5.
1.	ਡਿਪਟੀ ਕਮਿਸ਼ਨਰ ਕਪੂਰਥਲਾ	ਕਪੂਰਥਲਾ	ਪੰਜਾਬ	ਸਾਹਨੇਵਾਲ-ਜਲੰਧਰ ਸਿਟੀ ਸੈਕਸ਼ਨ ਉਤੇ ਸੀਨੀਅਰ ਅਨੁਭਾਗ ਇੰਜੀਨੀਅਰ/ਫਗਵਾੜਾ ਦੇ ਤਹਿਤ ਮਾਨਵਯੁਕਤ ਲੇਵਲ ਕ੍ਰਾਸਿੰਗ ਨੰਬਰ ਐਸ- 79 ਅਤੇ ਐਸ-80 ਦੀ ਥਾਂ ਤੇ 5 ਮੀਟਰ x 5 ਮੀਟਰ ਆਕਾਰ ਦੇ ਸੀਮਿਤ ਉਚਾਈ ਵਾਲੇ ਸਬਵੇ ਦੀ ਉਸਾਰੀ, ਧੱਕਾ ਵਿਧੀ ਦੁਆਰਾ।

[ਫਾ. ਨੰ. 635-ਡਬਲ੍ਯੂ/175/2025/ਐਲ.ਡੀ.ਐਚ]
ਐਸ.ਕੇ. ਸ਼੍ਰੀਵਾਸਤਵ, ਸੀਏਓ/ਉਸਾਰੀ/ਆਰਐਸਪੀ

ਅਧਿਸੂਚਨਾ
ਫਿਰੋਜ਼ਪੁਰ, 30 ਸਤੰਬਰ, 2026

ਕਾ.ਆ. 5393 (ਅ).-ਰੇਲਵੇ (ਸੰਸ਼ੋਧਨ) ਅਧਿਨਿਯਮ- 2008, ਦੀ ਧਾਰਾ 2 ਦੇ ਸੈਕਸ਼ਨ 7-ਏ ਦੁਆਰਾ ਪ੍ਰਦਤ ਸ਼ਕਤੀਆਂ ਦਾ ਪ੍ਰਯੋਗ ਕਰਦੇ ਹੋਏ, ਕੇਂਦਰੀ ਸਰਕਾਰ ਇਸ ਦੁਆਰਾ ਸਰਕਾਰੀ ਰਾਜਪੱਤਰ ਵਿਚ ਅਧਿਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ ਪ੍ਰਭਾਵੀ ਹੇਠਾਂ ਤਾਲਿਕਾ ਦੇ ਕਾਲਮ (2) ਵਿਚ ਵਰਣਿਤ ਅਧਿਕਾਰੀ ਨੂੰ ਪ੍ਰਾਧਿਕ੍ਰਿਤ ਕਰਦੀ ਹੈ ਕਿ ਇਹ ਤਾਲਿਕਾ ਦੇ ਕਾਲਮ (4) ਵਿਚ ਵਰਣਿਤ ਰੇਲਵੇ ਪ੍ਰੋਜੈਕਟਾਂ ਦੇ ਕੰਮ ਨਿਪਟਾਰੇ, ਅਨੁਪਾਲਨ, ਪ੍ਰਬੰਧਨ ਅਤੇ ਪਰਿਚਾਲਨ ਲਈ ਕਾਲਮ (3) ਵਿਚ ਵਰਣਿਤ ਰਾਜ ਵਿਚ ਆਬ੍ਰਿਟ੍ਰੇਟਰ ਦੇ ਰੂਪ ਵਿਚ ਕੰਮ ਨਿਪਟਾਰਾ ਕਰਨ।।

ਤਾਲਿਕਾ

ਲੜੀਵਾਰ	ਸਮਰਥ ਅਧਿਕਾਰੀ	ਜਨਪਦ	ਰਾਜ	ਰੇਲਵੇ ਪਰਿਯੋਜਨਾ ਦਾ ਨਾਮ
1.	2.	3.	4.	5.
1.	ਉਪਮੰਡਲ ਮਜਿਸਟ੍ਰੇਟ ਫਗਵਾੜਾ	ਕਪੂਰਥਲਾ	ਪੰਜਾਬ	ਸਾਹਨੇਵਾਲ-ਜਲੰਧਰ ਸਿਟੀ ਸੈਕਸ਼ਨ ਉਤੇ ਸੀਨੀਅਰ ਅਨੁਭਾਗ ਇੰਜੀਨੀਅਰ/ਫਗਵਾੜਾ ਦੇ ਤਹਿਤ ਮਾਨਵਯੁਕਤ ਲੇਵਲ ਕ੍ਰਾਸਿੰਗ ਨੰਬਰ ਐਸ- ਐਸ-80 ਦੀ ਥਾਂ ਤੇ 5 ਮੀਟਰ x 5 ਮੀਟਰ ਆਕਾਰ ਦੇ ਸੀਮਿਤ ਉਚਾਈ ਵਾਲੇ ਸਬਵੇ ਦੀ ਉਸਾਰੀ, ਧੱਕਾ ਵਿਧੀ ਦੁਆਰਾ।

[ਫਾ. ਨੰ. 635-ਡਬਲ੍ਯੂ/175/2025/ਐਲ.ਡੀ.ਐਚ]
ਐਸ.ਕੇ. ਸ਼੍ਰੀਵਾਸਤਵ, ਸੀਏਓ/ਉਸਾਰੀ/ਆਰਐਸਪੀ

3569/2026

ਦਿ ਫਾਜ਼ਿਲਕਾ ਕੋਆਪ੍ਰੇਟਿਵ ਸ਼ੂਗਰ ਮਿਲਜ਼ ਲਿਮਟਿਡ

ਆਨਲਾਈਨ ਈ-ਟੈਂਡਰ ਨੋਟਿਸ

1. ਖੰਡ ਦੀਆਂ ਬੋਰੀਆਂ ਦੀ ਸੰਭਾਲ ਦੇ ਕਾਂਟ੍ਰੈਕਟ, 2. ਪ੍ਰੈੱਸ ਮਡ ਦੀ ਵਿਕਰੀ ਲਈ ਆਨਲਾਈਨ ਈ-ਟੈਂਡਰ ਦਾ ਸੱਦਾ ਦਿੱਤਾ ਜਾਂਦਾ ਹੈ। ਈ-ਟੈਂਡਰ ਪੇਸ਼ ਕਰਨ ਦੀ ਅੰਤਿਮ ਮਿਤੀ 05.11.2026 ਸਵੇਰੇ 11 ਵਜੇ ਤਕ ਹੈ। ਈ-ਟੈਂਡਰ ਨੂੰ ਖੋਲ੍ਹਣਾ ਅਤੇ ਗੱਲਬਾਤ ਉਸੇ ਦਿਨ ਬਾ. ਦੁ. 2 ਵਜੇ ਹੋਵੇਗੀ। ਈ-ਟੈਂਡਰ ਦੇ ਵੇਰਵੇ ਪੰਜਾਬ ਸਰਕਾਰ ਦੀ ਵੈੱਬਸਾਈਟ https://eproc.punjab.gov.in 'ਤੇ ਮੁਹੱਈਆ ਹਨ।

ਜਨਰਲ ਮੈਨੇਜਰ

THE AJNALA CO-OP SUGAR MILLS LTD., AJNALA(AMRITSAR)

Website:www.ajnalasugar.in Email:ajnalacsm@gmail.com

Tender and E-Tender notice for purchase and contract jobs.

Tender are invited from original manufacturer, authorized distributors / stockiest / dealers and reputed firms approved by the NCDC or NFCSF or Sugarfed, Punjab Chandigarh........
1.Supply of ACC/CGI/ colour coated sheets 2. Other material & Contract job

Terms & Conditions:-
The detail of tender notice can be downloaded at our website www.ajnalasugar.in and tender form can be collected from mills office on any working day. Tender will be reach in the mills on or before 29.10.2026 upto 11-00 AM and tender will be opened same day at 2-00 PM in the presence of interested parties and negotiation if required will be done on same day at 2:00 PM. The undersigned reserves the right to reject/postpone any/all tenders without assigning any reason.

General Manager

Notice inviting Bids
Punjab Waqf Board

The Punjab Waqf Board intends to lease out its following waqf properties located in Distt. Jalandhar as per the waqf Properties Lease Rules, 2014/2020 through bids to be held on 21.10.2026 at 10 am to 3pm at the premises i.e Office of Punjab Waqf Board, Dargah Imam Nasir, Jalandhar.

Sr. No.	Property Description: Location	Khasra / MC Nos.	Area	Purpose	Period	Reserve Price (Rs.)
1.	Village Malsian Tehsil Shahkot Distt. Jalandhar	187Min	36 Sq. Yds.	Commercial	35 Months	Rs.1200/- PM

E.O/PWB/JAL. No. 5403 Dated 14/10/24

The interested persons may contact Estate Officer PWB Jalandhar at the above mentioned address; on dated 21.10.2026, Reserve price is declared as PK/PA for Agriculture purpose and Per Sq.feet/ per Sq.Yds on monthly basis for commercial and residential purpose as mentioned above, Remaining terms and conditions will be declared on the spot prior to start the bidding process.

Sd/-Estate Officer, PWB, Jalandhar

OFFICE OF ESTATE OFFICER, PUNJAB WAQF BOARD, GURDASPUR PUBLIC NOTICE INVITING BIDS FOR LEASING OF OFFICE PREMISE

The Punjab Waqf Board invites bids from landlords willing to lend their property (Building) on lease for office purpose at Batala City, District Gurdaspur.

Sr. No.	Name of City	Carpet Area	Appartment required
1.	Batala	1350 Sq. ft. to 1500 Sq. ft 4 Rooms ,2 Bathrooms and 1 Kitchen	450 to 500 Sq. ft. for Parking space for public conveniences

The building proposed should confirm to the following :
1. Initial lease will be for a period of the one year, extendable further with 5% annual increase in rent/lease amount.
2. The building should be ready to be handed over within 15 days of the order of approval with proper electricity, water and sanitary facilities.
3. Residential buildings used as Office cum Residential purpose preferably on Ground Floor near to Bus Stand or Court and other Govt./Private offices will be preferred.
4. The premise should be easily approachable with property laid wide connecting roads.
5. The site shall be selected by committee based on bid quoted and the location and facilities.
6. The property should be free from all encumbrances and legal disputes.

Interested landlords may submit their offer letters mentioning amount of rent claimed along with site plan, proof of ownership, one or two photographs (size 4*6 inchs) etc. at the office of Estate Officer, Punjab Waqf Board, Gurdaspur by 5 pm of 25-10-2026. Offers received late or incomplete will not be entertained. The Office of the Punjab Waqf Board reserves the right to accept or reject any proposal.

Sd/- Estate Officer PWB, Gurdaspur

ਕੀ ਗ੍ਰਹਿ ਮੰਤਰੀ 14 ਕਰੋੜ ਭਾਰਤੀ ਨਾਗਰਿਕਾਂ ਨੂੰ ਘੁਸਪੈਠੀਏ ਦੱਸ ਰਹੇ ਹਨ : ਜੈਰਾਮ ਰਮੇਸ਼



ਨਵੀਂ ਦਿੱਲੀ, 14 ਅਕਤੂਬਰ (ਏਜੰਸੀ)-ਕਾਂਗਰਸ ਨੇ ਬੁੱਧਵਾਰ ਨੂੰ ਵੋਟਰ ਸੂਚੀਆਂ ਦੀ ਵਿਸ਼ੇਸ਼ ਤੀਬਰ ਸੋਧ (ਐੱਸ. ਆਈ. ਆਰ.) ਨੂੰ ਲੈ ਕੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ 'ਤੇ ਨਿਸ਼ਾਨਾ ਵਿੰਨ੍ਹਿਆ ਅਤੇ ਸਵਾਲ ਕੀਤਾ ਕਿ ਕੀ ਉਹ ਇਹ ਕਹਿਣਾ ਚਾਹੁੰਦੇ ਹਨ ਕਿ ਵੋਟਰ ਸੂਚੀ ਤੋਂ ਬਾਹਰ ਹੋਏ ਲੱਗਭਗ 14 ਕਰੋੜ ਭਾਰਤੀ ਨਾਗਰਿਕ 'ਘੁਸਪੈਠੀਏ' ਹਨ ? ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ 'ਐਕਸ' 'ਤੇ ਪੋਸਟ ਕਰ ਕੇ ਕਿਹਾ, "ਐੱਸ. ਆਈ. ਆਰ. ਦਾ ਲਗਾਤਾਰ ਬਚਾਅ ਕਰ ਰਹੇ ਕੇਂਦਰੀ ਗ੍ਰਹਿ ਮੰਤਰੀ ਤੋਂ ਤਿੰਨ ਬਹੁਤ ਹੀ ਸਰਲ ਅਤੇ ਸਿੱਧੇ ਸਵਾਲ ਹਨ : ਕਿੰਨੇ ਘੁਸਪੈਠੀਆਂ ਦੀ ਪਛਾਣ ਹੋਈ ? ਕਿੰਨੇ ਘੁਸਪੈਠੀਆਂ ਦੇ ਨਾਂ ਵੋਟਰ ਸੂਚੀ 'ਚੋਂ ਹਟਾਏ ਗਏ ? ਕਿੰਨੇ ਘੁਸਪੈਠੀਆਂ ਨੂੰ ਦੇਸ਼ ਤੋਂ ਬਾਹਰ ਭੇਜਿਆ ਗਿਆ ?"

ਕਾਂਗਰਸ ਨੇਤਾ ਨੇ ਦਾਅਵਾ ਕੀਤਾ ਕਿ ਲੱਗਭਗ 100 ਕਰੋੜ ਭਾਰਤੀਆਂ ਨੂੰ ਐੱਸ. ਆਈ. ਆਰ. ਦੀ ਪ੍ਰਕਿਰਿਆ 'ਚੋਂ ਲੰਘਣਾ ਪਿਆ ਹੈ ਅਤੇ ਉਨ੍ਹਾਂ ਨੂੰ ਇਸ ਦੇ ਨਤੀਜੇ ਜਾਣਨ ਦਾ ਪੂਰਾ ਹੱਕ ਹੈ। ਉਨ੍ਹਾਂ ਦੋਸ਼ ਲਾਇਆ ਕਿ ਐੱਸ. ਆਈ. ਆਰ. ਦੇ 'ਸੂਤਰਧਾਰ' ਵਾਰ-ਵਾਰ ਘੁਸਪੈਠੀਆਂ ਦੀ ਦਲੀਲ ਦੇ ਕੇ ਅਸਲ ਮੁੱਦੇ ਤੋਂ ਧਿਆਨ ਭਟਕਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਰਮੇਸ਼ ਨੇ ਐੱਸ. ਆਈ. ਆਰ. ਨੂੰ 'ਸ਼ਾਹ ਇੰਸਟੀਗੇਟਿਡ ਰਿਮੂਵਲ' ਕਰਾਰ ਦਿੰਦੇ ਹੋਏ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਸ਼ਾਹ ਦੀ 'ਨਿਰਾਸ਼ ਜੋੜੀ' ਨੇ ਲੱਗਭਗ 14 ਕਰੋੜ ਭਾਰਤੀਆਂ ਨੂੰ ਉਨ੍ਹਾਂ ਦੇ ਵੋਟ ਦੇ ਅਧਿਕਾਰ ਤੋਂ ਵਾਂਝਾ ਕਰ ਦਿੱਤਾ ਹੈ।

ਭਾਰਤ ਨੇ ਬਣਾਇਆ ਏ. ਆਈ. ਨਾਲ ਸੰਚਾਲਿਤ ਪਹਿਲਾ ਲੜਾਕੂ ਜਹਾਜ਼

ਨਵੀਂ ਦਿੱਲੀ, 14 ਅਕਤੂਬਰ (ਏਜੰਸੀ)- ਗਲੋਬਲ ਰੱਖਿਆ ਉਦਯੋਗ ਖੇਤਰ ਵਿਚ ਆਰਟੀਫੀਸ਼ੀਅਲ ਇੰਟੈਲੀਜੈਂਸ (ਏ. ਆਈ.) 'ਤੇ ਆਧਾਰਿਤ ਸਵੈ-ਚਾਲਿਤ ਲੜਾਕੂ ਜਹਾਜ਼ਾਂ ਦੇ ਨਵੇਂ-ਨਵੇਂ ਮਾਡਲਾਂ ਦਰਮਿਆਨ ਭਾਰਤ ਦੀ ਇਕ ਏ. ਆਈ. ਆਧਾਰਿਤ ਕੰਪਨੀ ਨੇ ਦੇਸ਼ ਵਿਚ ਏ. ਆਈ. ਨਾਲ ਸੰਚਾਲਿਤ ਪਹਿਲੇ ਲੜਾਕੂ ਜਹਾਜ਼ ਦਾ ਪੂਰੀ ਤਰ੍ਹਾਂ ਤਿਆਰ ਪ੍ਰੋਟੋਟਾਈਪ ਪੇਸ਼ ਕੀਤਾ ਹੈ।

ਬੈਂਗਲੁਰੂ ਦੀ ਕੰਪਨੀ ਫਲਾਇੰਗ ਵੇਜ ਡਿਫੈਂਸ ਐਂਡ ਏਅਰੋਸਪੇਸ ਨੇ ਏ. ਆਈ. ਨਾਲ ਸੰਚਾਲਿਤ ਦੇਸ਼ ਦੇ ਪਹਿਲੇ ਲੜਾਕੂ ਜਹਾਜ਼ ਪ੍ਰੋਗਰਾਮ 'ਐੱਫ. ਡਬਲਯੂ ਡੀ. ਸੁਪਰੀਮ' ਦਾ ਪੂਰਨ ਪ੍ਰੋਟੋਟਾਈਪ ਪੇਸ਼ ਕੀਤਾ ਹੈ। ਕੰਪਨੀ ਅਨੁਸਾਰ ਏ. ਆਈ. ਨਾਲ ਸੰਚਾਲਿਤ ਇਹ ਜਹਾਜ਼ 1,500 ਕਿਲੋ ਤੋਂ ਵੱਧ ਵਜ਼ਨ ਦੀ ਸ਼੍ਰੇਣੀ ਦਾ ਹੈ ਅਤੇ ਲਗਭਗ 350 ਕਿਲੋ ਤੱਕ ਦਾ ਭਾਰ ਲੈ ਕੇ ਉੱਡ ਸਕਦਾ ਹੈ।

ਐੱਚ-1ਬੀ ਵੀਜ਼ਾ ਧਾਰਕਾਂ 'ਤੇ ਸੰਕਟ, ਨੌਕਰੀ ਗਈ ਤਾਂ ਘਰ-ਕਾਰਾਂ ਛੱਡ ਪਰਤ ਰਹੇ ਭਾਰਤ

■ 60 ਦਿਨਾਂ 'ਚ ਨਵੀਂ ਨੌਕਰੀ ਨਾ ਮਿਲਣ ਨਾਲ ਵਧੀਆਂ ਮੁਸ਼ਕਲਾਂ

ਡਲਾਸ, 14 ਅਕਤੂਬਰ (ਏਜੰਸੀ)- ਅਮਰੀਕਾ ਵਿਚ ਐੱਚ-1ਬੀ ਵੀਜ਼ਾ 'ਤੇ ਕੰਮ ਕਰਨ ਵਾਲੇ ਭਾਰਤੀ ਆਈ. ਟੀ. ਪੇਸ਼ੇਵਰਾਂ ਦੇ ਸਾਹਮਣੇ ਨੌਕਰੀ ਛੁੱਟਣ ਤੋਂ ਬਾਅਦ ਗੰਭੀਰ ਸੰਕਟ ਖੜ੍ਹਾ ਹੋ ਗਿਆ ਹੈ। ਤੈਅ 60 ਦਿਨਾਂ ਦੇ ਅੰਦਰ ਨਵੀਂ ਨੌਕਰੀ ਨਾ ਮਿਲਣ 'ਤੇ ਕਈ ਪਰਿਵਾਰਾਂ ਨੂੰ ਘਰ ਅਤੇ ਕਾਰਾਂ ਛੱਡ ਕੇ ਭਾਰਤ ਪਰਤਣਾ ਪੈ ਰਿਹਾ ਹੈ। ਉੱਤਰੀ ਟੈਕਸਾਸ ਦੇ ਕੁਝ ਇਲਾਕਿਆਂ ਵਿਚ ਘਰਾਂ ਦੀਆਂ ਕੀਮਤਾਂ ਵਿਚ ਗਿਰਾਵਟ ਨੇ ਉਨ੍ਹਾਂ ਦੀਆਂ ਆਰਥਿਕ ਮੁਸ਼ਕਲਾਂ ਹੋਰ ਵਧਾ ਦਿੱਤੀਆਂ ਹਨ।

ਰਿਪੋਰਟ ਅਨੁਸਾਰ ਡਲਾਸ ਦੇ ਉੱਤਰ ਵਿਚ ਸਥਿਤ ਸੈਲੀਨਾ ਅਤੇ ਮੈਲੀਸਾ ਵਿਚ 10 ਤੋਂ ਵੱਧ ਪਰਿਵਾਰਾਂ ਦੀਆਂ ਨੌਕਰੀਆਂ ਚਲੀਆਂ ਗਈਆਂ। ਨਵੀਂ ਨੌਕਰੀ ਨਾ ਮਿਲਣ 'ਤੇ ਇਨ੍ਹਾਂ ਪਰਿਵਾਰਾਂ ਨੇ ਭਾਰਤ ਪਰਤਣ ਲਈ ਇਕ ਪਾਸੇ ਦੀਆਂ ਟਿਕਟਾਂ ਖਰੀਦੀਆਂ ਅਤੇ ਘਰ, ਕਾਰਾਂ ਤੇ ਫਰਨੀਚਰ ਪਿੱਛੇ ਹੀ ਛੱਡ ਦਿੱਤਾ। ਕੀਮਤਾਂ ਡਿੱਗਣ ਅਤੇ ਹੋਮ ਲੋਨ ਦੀਆਂ ਕਿਸ਼ਤਾਂ ਚੁਕਾਉਣ ਵਿਚ ਅਸਮਰੱਥਾ ਕਾਰਨ ਕੁਝ ਪਰਿਵਾਰ ਆਪਣੇ ਘਰ ਵੇਚਣ ਦੀ ਸਥਿਤੀ ਵਿਚ ਵੀ ਨਹੀਂ ਰਹੇ।

ਰਿਪੋਰਟ ਵਿਚ ਐਕਸਫੋਨੋ ਅਤੇ ਇਮੀਗ੍ਰੇਸ਼ਨ ਸਬੰਧੀ ਅੰਕੜਿਆਂ ਦੇ ਹਵਾਲੇ ਨਾਲ ਦਾਅਵਾ ਕੀਤਾ ਗਿਆ ਹੈ ਕਿ ਜੂਨ ਤੱਕ ਲਗਭਗ 7,300 ਭਾਰਤੀ ਆਈ. ਟੀ. ਪੇਸ਼ੇਵਰ ਨੌਕਰੀ ਜਾਂ ਵੀਜ਼ਾ ਸਬੰਧੀ ਅਨਿਸ਼ਚਿਤਤਾ ਕਾਰਨ ਭਾਰਤ ਪਰਤ ਚੁੱਕੇ ਸਨ। ਸਾਲ 2025 ਵਿਚ ਇਹ ਗਿਣਤੀ 15,100 ਦੱਸੀ ਗਈ ਹੈ। ਕੋਲਿਨ ਕਾਊਂਟੀ ਵਿਚ ਘਰਾਂ ਦੀਆਂ ਕੀਮਤਾਂ ਵਿਚ ਸਾਲਾਨਾ ਆਧਾਰ 'ਤੇ 9 ਫੀਸਦੀ ਗਿਰਾਵਟ ਦਾ ਦਾਅਵਾ ਕੀਤਾ ਗਿਆ ਹੈ। ਉਥੇ ਹੀ ਇਕ ਬਿਲਡਰ ਦੀ ਦੱਖਣੀ ਏਸ਼ੀਆਈ ਖਰੀਦਦਾਰਾਂ ਨੂੰ ਹੋਣ ਵਾਲੀ ਵਿਕਰੀ 70 ਫੀਸਦੀ ਤੋਂ ਘਟ ਕੇ 30 ਫੀਸਦੀ ਤੋਂ ਵੀ ਹੇਠਾਂ ਆਉਣ ਦੀ ਗੱਲ ਕਹੀ ਗਈ ਹੈ। ਉਸ ਦੇ 125 ਘਰ ਬਿਨਾਂ ਵਿਕੇ ਪਏ ਹਨ।

ਸਥਾਨਕ ਕਾਰੋਬਾਰੀਆਂ 'ਚ ਨਿਰਾਸ਼ਾ

ਕਾਲਿਨ ਕਾਊਂਟੀ ਵਿਚ ਰੀਅਲ ਅਸਟੇਟ ਦਾ ਕਾਰੋਬਾਰ ਕਰਨ ਵਾਲੇ ਚੈਸਟਿੰਜ ਮਾਈਲਜ਼ ਨੇ 'ਐਕਸ' 'ਤੇ ਪੋਸਟ ਕੀਤਾ ਹੈ ਕਿ ਪੂਰੇ-ਪੂਰੇ ਇਲਾਕੇ ਇਕ ਹੀ ਵੀਜ਼ਾ ਪ੍ਰੋਗਰਾਮ ਦੇ ਦਮ 'ਤੇ ਵਸਾਏ ਗਏ ਸਨ। ਹੁਣ ਇਥੇ ਵੀਰਾਨਗੀ ਵਧਦੀ ਜਾ ਰਹੀ ਹੈ। ਹੁਣ ਇਸ ਕਾਰੋਬਾਰ ਵਿਚ ਸਭ ਨੂੰ ਕੀਮਤ ਚੁਕਾਉਣੀ ਪੈ ਰਹੀ ਹੈ– ਮੈਨੂੰ ਵੀ। ਧੰਦਾ ਚੌਪਟ ਹੋ ਗਿਆ ਹੈ।

ਇੰਝ ਬਦਲੀ ਤਸਵੀਰ

ਸਾਲ 2021 ਤੋਂ 2025 ਦੇ ਵਿਚਕਾਰ ਸੈਲੀਨਾ ਅਤੇ ਮੈਲੀਸਾ ਵਰਗੇ ਇਲਾਕਿਆਂ ਵਿਚ ਨਵੇਂ ਘਰਾਂ ਦੀ ਖਰੀਦਦਾਰੀ ਵਿਚ ਐੱਚ-1ਬੀ ਵੀਜ਼ਾ ਧਾਰਕਾਂ ਦੀ ਹਿੱਸੇਦਾਰੀ 70 ਤੋਂ 75 ਫੀਸਦੀ ਤੱਕ ਸੀ। ਟੈੱਕ ਸੈਕਟਰ ਵਿਚ ਛਾਂਟੀ ਕਾਰਨ ਇਨ੍ਹਾਂ ਇਲਾਕਿਆਂ ਵਿਚ ਮਕਾਨਾਂ ਦੀਆਂ ਕੀਮਤਾਂ ਹੁਣ 1 ਲੱਖ ਡਾਲਰ ਤੱਕ ਡਿੱਗ ਗਈਆਂ ਹਨ। ਜਿਨ੍ਹਾਂ ਲੋਕਾਂ ਨੇ ਮਹਿੰਗੇ ਭਾਅ 'ਤੇ ਘਰ ਖਰੀਦੇ ਸਨ, ਉਨ੍ਹਾਂ ਦੇ ਘਰਾਂ ਦੀਆਂ ਕੀਮਤਾਂ ਹੁਣ ਹੋਮ ਲੋਨ ਦੀ ਬਕਾਇਆ ਰਕਮ ਨਾਲੋਂ ਵੀ ਘੱਟ ਹੋ ਗਈਆਂ ਹਨ। ਟੈਕਸਾਸ ਵਿਚ ਪ੍ਰਾਪਰਟੀ ਟੈਕਸ ਵੀ ਕਾਫ਼ੀ ਵਧ ਗਿਆ ਹੈ।

ਜਹਾਜ਼ ਅਗਵਾ ਹੋਣ ਦੇ ਖਦਸ਼ੇ ਕਾਰਨ ਜਰਮਨੀ ਦੇ ਹਵਾਈ ਅੱਡੇ 'ਤੇ ਉਡਾਣਾਂ ਰੋਕੀਆਂ

ਬਰਲਿਨ, 14 ਅਕਤੂਬਰ (ਏਜੰਸੀ)- ਜਰਮਨੀ ਦੇ ਨਿਊਰਮਬਰਗ ਹਵਾਈ ਅੱਡੇ 'ਤੇ ਜਹਾਜ਼ ਅਗਵਾ ਹੋਣ ਦੇ ਖਦਸ਼ੇ ਕਾਰਨ ਬੁੱਧਵਾਰ ਨੂੰ ਕੁਝ ਸਮੇਂ ਲਈ ਉਡਾਣਾਂ ਰੋਕ ਦਿੱਤੀਆਂ ਗਈਆਂ। [illegible]

ਐਮਰਜੈਂਸੀ ਸੰਕੇਤ ਮਿਲਣ 'ਤੇ ਭੇਜੇ ਗਏ ਲੜਾਕੂ ਜਹਾਜ਼, ਤਕਨੀਕੀ ਖ਼ਰਾਬੀ ਨਿਕਲੀ ਵਜ੍ਹਾ

[illegible] ਮੈਂਬਰਾਂ ਦੀ ਸੁਰੱਖਿਆ ਨੂੰ ਵੀ ਕੋਈ ਖ਼ਤਰਾ ਨਹੀਂ ਹੋਇਆ ਅਤੇ ਜਹਾਜ਼ ਸੁਰੱਖਿਅਤ ਹਵਾਈ ਅੱਡੇ 'ਤੇ ਉਤਰ ਗਿਆ। [illegible] ਬੋਇੰਗ 737-800 ਜਹਾਜ਼ [illegible]

ਡੀਜ਼ਲ ਲਈ ਪੈਸੇ ਨਹੀਂ ਸਨ, ਬੇਹੋਸ਼ ਧੀ ਨੂੰ ਮੋਢੇ 'ਤੇ ਚੁੱਕ ਕੇ ਲੈ ਗਿਆ ਮਜ਼ਦੂਰ

ਬੀੜ, 14 ਅਕਤੂਬਰ (ਏਜੰਸੀ)- ਮਹਾਰਾਸ਼ਟਰ ਦੇ ਬੀੜ ਜ਼ਿਲੇ ਵਿਚ ਸਰਕਾਰੀ ਐਂਬੂਲੈਂਸ 'ਚੋਂ ਉਤਾਰੇ ਜਾਣ ਤੋਂ ਬਾਅਦ ਇਕ ਗਰੀਬ ਮਜ਼ਦੂਰ ਨੂੰ ਆਪਣੀ ਬੇਹੋਸ਼ 11 ਸਾਲਾ ਧੀ ਨੂੰ ਮੋਢੇ 'ਤੇ ਚੁੱਕ ਕੇ [illegible]

[illegible] ਦੇ ਪਿਤਾ ਅਤੇ ਪਰਿਵਾਰ ਦੇ ਹੋਰ ਮੈਂਬਰ ਐਂਬੂਲੈਂਸ ਵਿਚ ਬੈਠੇ ਤਾਂ ਸਿਹਤ ਕੇਂਦਰ ਦੇ ਕਰਮਚਾਰੀਆਂ ਨੇ ਕਥਿਤ ਤੌਰ 'ਤੇ ਉਨ੍ਹਾਂ ਤੋਂ ਡੀਜ਼ਲ ਦੇ ਪੈਸੇ ਮੰਗੇ। ਸ਼ੁਰੂਆਤੀ ਜਾਂਚ ਰਿਪੋਰਟ ਮੁਤਾਬਕ ਪਿਤਾ ਨੇ ਪੈਸੇ ਨਾ ਹੋਣ ਦੀ ਗੱਲ ਕਹਿ ਕੇ ਗੁਹਾਰ ਲਗਾਈ ਪਰ ਪਰਿਵਾਰ ਨੂੰ ਐਂਬੂਲੈਂਸ 'ਚੋਂ ਉਤਰਨ ਲਈ ਕਹਿ ਦਿੱਤਾ ਗਿਆ।

ਸਰੀਰਕ ਕਮਜ਼ੋਰੀ
ਦੂਰ ਕਰਨ ਵਿੱਚ ਮਦਦ ਕਰੇ
ਅਸ਼ਵਗੰਧਾ, ਸ਼ਿਲਾਜੀਤ, ਸਫ਼ੈਦ ਮੂਸਲੀ, ਕੇਸਰ, ਸਵਰਨ ਭਸਮ ਅਤੇ ਵਧੀਆ ਜੜ੍ਹੀ ਬੂਟੀਆਂ ਦੇ ਅਰਕ ਤੋਂ ਤਿਆਰ

24 ਕੈਪਸੂਲ ਦੀ ਖਰੀਦ ਤੇ 15ml. ਜੌਲੀ ਸਨਸੈਕਸ ਗੋਲਡ ਤਿੱਲਾ ਆਇਲ FREE

JOLLY
ਸਨਸੈਕਸ ਗੋਲਡ
ਕੈਪਸੂਲ ਅਤੇ ਤਿੱਲਾ ਆਇਲ
27 ਸਾਲਾਂ ਤੋਂ ਮਸ਼ਹੂਰ ਆਯੁਰਵੈਦਿਕ ਯੋਗ
ਹਰ ਮੈਡੀਕਲ ਸਟੋਰ ਤੇ ਮਿਲਦਾ ਹੈ 98555-40404 JOLLYorganic.com

ਮਿਊਂਸੀਪਲ ਕਾਰਪੋਰੇਸ਼ਨ ਚੰਡੀਗੜ੍ਹ

ਈ-ਟੈਂਡਰ ਨੋਟਿਸ

ਲੜੀ ਨੰ.	ਕੰਮ ਦਾ ਨਾਂ	ਬੋਲੀ ਪੇਸ਼ ਕਰਨ ਦਾ ਸ਼ਡਿਊਲ (ਆਨਲਾਈਨ)	ਤਕਨੀਕੀ ਬੋਲੀ ਖੁੱਲ੍ਹਣੀ (ਆਨਲਾਈਨ)
	ਕਾਰਜਕਾਰੀ ਇੰਜੀਨੀਅਰ-ਰੋਡਜ਼ ਡਵੀਜ਼ਨ ਨੰ. 1		
1.	[illegible] ਸਪੋਰਟਸ ਸਟੇਡੀਅਮ ਨੂੰ ਅਪਗ੍ਰੇਡ ਕਰਨਾ। ਅੰਦਾਜ਼ਨ ਲਾਗਤ : 163.10 ਲੱਖ ਰੁਪਏ; ਈ. ਐੱਮ. ਡੀ. : 3,26,207 ਰੁਪਏ; ਸਮਾਂ-ਹੱਦ : 6 ਮਹੀਨੇ	15.10.2026 ਤੋਂ 22.10.2026 ਦੁਪਹਿਰ 12 ਵਜੇ ਤਕ	22.10.2026 ਦੁਪਹਿਰ 12 ਵਜੇ

ਨੋਟ : (1) ਵਿਸਤ੍ਰਿਤ ਨਿਯਮਾਂ ਤੇ ਸ਼ਰਤਾਂ ਸਮੇਤ ਟੈਂਡਰ ਨੋਟਿਸ ਵੈੱਬਸਾਈਟ www.chandigarh.gov.in ਜਾਂ etenders.chd.nic.in 'ਤੇ ਮੁਹੱਈਆ/ਅਪਲੋਡ ਹੈ।

ਕਾਰਜਕਾਰੀ ਇੰਜੀਨੀਅਰ
ਰੋਡਜ਼ ਡਵੀਜ਼ਨ ਨੰ. 1, ਕਮਰਾ ਨੰ. 304, ਐੱਮ. ਸੀ. ਚੰਡੀਗੜ੍ਹ (O) 0172-5021626

ਉੱਤਰ ਰੇਲਵੇ

ਈ-ਨਿਵਿਦਾ ਸੂਚਨਾ

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਸਾਧਾਰਨ, ਉੱਤਰ ਰੇਲਵੇ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਟੈਂਡਰਾਂ (www.ireps.gov.in) ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

ਟੈਂਡਰ ਨੰਬਰ	ਕੰਮਾਂ ਦਾ ਵੇਰਵਾ	ਅੰਦਾਜ਼ਨ ਲਾਗਤ(ਰੁ.)	ਬਿਆਨਾ ਰਾਸ਼ੀ (ਰੁ.)	ਕੰਮ ਦਾ ਸਮਾਂ	ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ	ਵੈਬ ਸਾਈਟ
251-Elect-T-10-2026-27	ਲੁਧਿਆਣਾ ਵਿਚ ਮਾਡਲ ਰਨਿੰਗ ਰੂਮ ਦੇ ਵਿਸਤਾਰ ਅਤੇ ਅਪਗ੍ਰੇਡੇਸ਼ਨ ਦੇ ਲਈ ਇਲੈਕਟ੍ਰੀਕਲ ਕੰਮ।	Rs. 59,33,803.25/-	Rs. 118700.00	06 ਮਹੀਨੇ	04.11.2026 17:00 ਵਜੇ ਦੇ ਬਾਅਦ	www.ireps.gov.in

ਨੰ. 251-ਬਿਜਲੀ ਟੈਂਡਰ ਨੋਟਿਸ ਨੰ. 10/ਬਿਜਲੀ-2025-26 ਮਿਤੀ:- 13.10.2026 3574/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਉੱਤਰ ਰੇਲਵੇ

ਈ-ਨਿਵਿਦਾ ਸੂਚਨਾ

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਸਾਧਾਰਨ, ਉੱਤਰ ਰੇਲਵੇ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਟੈਂਡਰਾਂ (www.ireps.gov.in) ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

ਟੈਂਡਰ ਨੰਬਰ	ਕੰਮਾਂ ਦਾ ਵੇਰਵਾ	ਅੰਦਾਜ਼ਨ ਲਾਗਤ(ਰੁ.)	ਬਿਆਨਾ ਰਾਸ਼ੀ (ਰੁ.)	ਕੰਮ ਦਾ ਸਮਾਂ	ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ	ਵੈਬ ਸਾਈਟ
251-ਬਿਜਲੀ-T-24-R3-2026-27	ਏ-ਐਫਜੇਡਆਰ ਡਵੀਜਨ ਦੇ ਉਪਰ ਜੇਯੂਸੀ-ਏਐਸਆਰ ਸੈਕਸ਼ਨ ਦੀ ਸੈਕਸ਼ਨਲ ਸਪੀਡ ਨੂੰ 130 ਕਿਮੀ ਪ੍ਰਤੀ ਘੰਟੇ ਤਕ ਵਧਾਉਣ ਦੇ ਲਈ 4 ਮਾਨਵਯੁਕਤ L-Xing ਗੇਟਾਂ ਦੇ ਇੰਟਰਲਾਕਿੰਗ ਨਾਲ ਸਬੰਧਿਤ ਬਿਜਲੀ ਕੰਮ। ਬੀ-ਫਿਰੋਜ਼ਪੁਰ ਡਵੀਜਨ ਦੇ ਉਪਰ 50000 ਤੋਂ ਜਿਆਦਾ ਟੀਵੀਯੂ ਵਾਲੇ 5 ਗੈਰ-ਇੰਟਰਲਾਕ L-Xing ਗੇਟਾਂ ਦੇ ਇੰਟਰਲਾਕਿੰਗ ਨਾਲ ਸਬੰਧਿਤ ਬਿਜਲੀ ਕੰਮ। ਸੀ-ਐਸਐਨਐਲ-ਏਐਸਆਰ ਸੈਕਸ਼ਨ ਉਤੇ ਐਮਓਡਬਲਯੂ-ਏਐਸਆਰ, ਐਚਐਮਆਰ-ਡੀਆਈਡਬਲਯੂ ਅਤੇ ਜੇਆਰਸੀ-ਸੀਈਯੂ ਦੇ ਵਿਚ ਆਈਬੀਐਸ ਦੇ ਪ੍ਰਾਵਧਾਨ ਨਾਲ ਸਬੰਧਿਤ ਬਿਜਲੀ ਕੰਮ। ਡੀ-ਜਾਲੰਧਰ ਕੈਂਟ-ਸਾਹਨੇਵਾਲ ਜੰਕਸ਼ਨ ਸੈਕਸ਼ਨ ਉਤੇ ਬੀਐਚ-01, ਬੀਟੀਟੀਐਨ ਅਤੇ ਐਮਏਯੂਐਲ ਨੂੰ ਆਈਬੀਐਚ ਨਾਲ ਆਈਬੀਐਚ ਵਿਚ ਤਬਦੀਲ ਕਰਨ ਨਾਲ ਸਬੰਧਿਤ ਬਿਜਲੀ ਕੰਮ।	Rs. 70,27,877.42/-	Rs. 140600.00/-	06 ਮਹੀਨੇ	04.11.2026 17:00 ਵਜੇ ਦੇ ਬਾਅਦ	www.ireps.gov.in

ਨੰ. 251-ਬਿਜਲੀ ਟੈਂਡਰ ਨੋਟਿਸ ਨੰ. 24-ਆਰ3-ਬਿਜਲੀ-2025-26 ਮਿਤੀ:- 13.10.2026 3577/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

punjab national bank ...Together for the better

ਸਰਕਲ ਆਫਿਸ-ਐੱਸ. ਏ. ਐੱਮ.-ਪਠਾਨਕੋਟ (ਨੇੜੇ ਕਮਲ ਸਵੀਟਸ, ਸ਼ੈਲੀ ਰੋਡ, ਪਠਾਨਕੋਟ-145001) (ਫੋਨ ਨੰ. 88728 27770, 92162 24491, 96825 65741) ਈ-ਮੇਲ : copathansam@pnb.bank.in

ਈ-ਨਿਲਾਮੀ/ਵਿਕਰੀ ਨੋਟਿਸ

ਅਚੱਲ ਜਾਇਦਾਦਾਂ ਦੀ ਵਿਕਰੀ ਲਈ ਵਿਕਰੀ ਨੋਟਿਸ

ਸਕਿਓਰਿਟਾਈਜ਼ੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਇਨਾਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ, 2002, ਜਿਸ ਨੂੰ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8(6)/9(1) ਦੀ ਪ੍ਰੋਵਿਜ਼ੋ ਨਾਲ ਪੜ੍ਹਿਆ ਜਾਂਦਾ ਹੈ, ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ।

ਆਮ ਜਨਤਾ ਨੂੰ ਅਤੇ ਖਾਸ ਤੌਰ 'ਤੇ ਕਰਜ਼ਦਾਰ (†) ਤੇ ਗਾਰੰਟਰ (†) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਕਿਓਰਡ ਕ੍ਰੈਡਿਟਰ ਨਾਲ ਮਾਰਟਗੇਜਡ/ਚਾਰਜਡ ਹੇਠਾਂ ਦੱਸੀ ਚੱਲ/ਅਚੱਲ ਜਾਇਦਾਦ ਦਾ ਅਸਲ/ਦਸਤੀ/ਸੰਕੇਤਕ ਕਬਜ਼ਾ ਬੈਂਕ ਦੇ ਅਧਿਕਾਰਤ ਅਫਸਰ/ਸਕਿਓਰਡ ਕ੍ਰੈਡਿਟਰ ਵਲੋਂ ਲੈ ਲਿਆ ਗਿਆ ਹੈ, ਜਿਸ ਦੀ ਵਿਕਰੀ 'ਜਿੱਥੇ ਹੈ ਜਿਵੇਂ ਹੈ', 'ਜੋ ਹੈ ਜਿਵੇਂ ਹੈ' ਅਤੇ 'ਜੋ ਵੀ ਹੈ' ਦੇ ਆਧਾਰ 'ਤੇ ਹੇਠਾਂ ਟੇਬਲ ਵਿਚ ਦੱਸੀ ਮਿਤੀ ਨੂੰ ਬੈਂਕ/ਸਕਿਓਰਡ ਕ੍ਰੈਡਿਟਰ ਦੇ ਸਬੰਧਤ ਕਰਜ਼ਦਾਰ (†) ਤੇ ਗਾਰੰਟਰ (†) ਤੋਂ ਬਕਾਇਆਂ ਦੀ ਵਸੂਲੀ ਲਈ ਕਰ ਦਿੱਤੀ ਜਾਵੇਗੀ। ਰਾਖਵੀਂ ਕੀਮਤ ਤੇ ਰਕਮ ਬਿਆਨਾ ਦਾ ਵੇਰਵਾ ਟੇਬਲ ਵਿਚ ਸਬੰਧਤ ਜਾਇਦਾਦਾਂ ਦੇ ਸਾਹਮਣੇ ਦੱਸੇ ਅਨੁਸਾਰ ਹੋਵੇਗਾ।

ਲੜੀ ਨੰ.	ਬ੍ਰਾਂਚ ਦਾ ਨਾਂ / ਕਰਜ਼ਦਾਰ ਦੇ ਅਕਾਊਂਟ ਦਾ ਨਾਂ ਤੇ ਪਤਾ	ਮਾਰਟਗੇਜਡ ਅਚੱਲ ਜਾਇਦਾਦਾਂ ਦਾ ਵੇਰਵਾ/ਮਾਲਕ ਦਾ ਨਾਂ (ਜਾਇਦਾਦ (†) ਦੇ ਮਾਰਟਗੇਜਰ)	(ਏ) ਸਰਫੇਸੀ ਐਕਟ 2002 ਦੀ ਧਾਰਾ-13(2) ਤਹਿਤ ਡਿਮਾਂਡ ਨੋਟਿਸ ਦੀ ਮਿਤੀ (ਬੀ) ਬਕਾਇਆ ਰਕਮ ਜਿਵੇਂ ਹੈ (ਸੀ) ਸਰਫੇਸੀ ਐਕਟ 2002 ਦੀ ਧਾਰਾ-13(2) ਤਹਿਤ ਕਬਜ਼ੇ ਦੀ ਮਿਤੀ (ਡੀ) ਕਬਜ਼ੇ ਦੀ ਕਿਸਮ-ਸੰਕੇਤਕ/ਦਸਤੀ/ਰਚਨਾਤਮਕ	ਈ-ਨਿਲਾਮੀ ਦੀ ਮਿਤੀ/ਸਮਾਂ / ਸਕਿਓਰਡ ਕ੍ਰੈਡਿਟਰਜ਼ ਦੀ ਜਾਣਕਾਰੀ 'ਚ ਭਾਰਾਂ ਦੇ ਵੇਰਵੇ	(ਏ) ਰਾਖਵੀਂ ਕੀਮਤ (ਬੀ) ਈ. ਐੱਮ. ਡੀ. (ਸੀ) ਬੋਲੀ ਵਾਧਾ ਰਕਮ
1.	ਬੀ/ਓ ਰੇਲਵੇ ਰੋਡ, ਪਠਾਨਕੋਟ (037800) (1) ਸ਼੍ਰੀ ਸਵਿੰਦਰ ਸਿੰਘ ਪੁੱਤਰ ਸ਼੍ਰੀ ਨਿਰੰਜਣ ਸਿੰਘ, ਵਾਸੀ ਪਿੰਡ ਬੁੱਧੀ ਨਗਰ, ਕੋਠੀ ਨੰ. 174, ਨੇੜੇ ਰੇਲਵੇ ਲਾਈਨ, ਡਾਕਖਾਨਾ ਸੁਜਾਨਪੁਰ, ਤਹਿਸੀਲ ਤੇ ਜ਼ਿਲਾ ਪਠਾਨਕੋਟ-145023, ਮੋਬ.: 9465934726,	0-6 ਮਰਲੇ ਦੀ ਜ਼ਮੀਨ 'ਤੇ ਬਣੇ ਰਿਹਾਇਸ਼ੀ ਮਕਾਨ ਦੀ ਈ. ਐੱਮ., ਜੋ 6 ਕਨਾਲ-4 ਮਰਲੇ ਦੀ ਪੈਮਾਇਸ਼ ਵਾਲੀ ਕੁੱਲ ਜ਼ਮੀਨ ਦਾ 6/124ਵਾਂ ਹਿੱਸਾ ਹੈ। ਇਹ ਜਾਇਦਾਦ ਪਿੰਡ ਜਾਖੀਆਂ ਲਾਹੜੀ, ਤਹਿਸੀਲ ਤੇ ਜ਼ਿਲਾ ਪਠਾਨਕੋਟ ਵਿਖੇ ਸਥਿਤ ਹੈ। ਸਾਲ 2011-2012 ਲਈ ਜਮ੍ਹਾਂਬੰਦੀ ਅਨੁਸਾਰ ਇਸ ਦੇ ਖਸਰਾ ਨੰ. 11//10/2/1(2-9), 10/2/2(2-9), 1/1/2(0-6), 2/5(1-0), ਖਤੌਨੀ ਨੰ. 54-74-127 ਹਨ। ਇਹ ਜਾਇਦਾਦ ਵਿਕਰੀ ਡੀਡ ਵਸੀਕਾ ਨੰ. 1090 ਮਿਤੀ 28.05.2014 ਰਾਹੀਂ ਸਬ-ਰਜਿਸਟ੍ਰਾਰ ਪਠਾਨਕੋਟ ਦੇ ਦਫ਼ਤਰ 'ਚ ਸ਼੍ਰੀਮਤੀ ਸੰਦੀਪ ਕੌਰ ਦੇ ਨਾਂ 'ਤੇ ਰਜਿਸਟਰਡ ਹੈ। ਹੱਦਬੰਦੀ–ਪੂਰਬ : ਰੇਲਵੇ ਲਾਈਨ ਅਤੇ ਗਲੀ 6 ਫੁੱਟ, ਪੱਛਮ : ਪ੍ਰਭ ਦਿਆਲ ਦਾ ਮਕਾਨ ਅਤੇ ਸੜਕ 33 ਫੁੱਟ, ਉੱਤਰ : ਬਲਦੇਵ ਰਾਜ ਦਾ ਮਕਾਨ ਅਤੇ ਸੜਕ 49 ਫੁੱਟ, ਪੱਛਮ : ਜ਼ਮੀਨ ਮਾਲਕ ਅਤੇ ਸੜਕ 49 ਫੁੱਟ। (ਨਿਲਾਮੀ ਹਵਾਲਾ ਨੰ. PUNB829500P89)	A) 07.01.2025 (ਬੀ) 16,68,193.93 ਰੁਪਏ 27.11.2024 ਨੂੰ ਅਗਲਾ ਵਿਆਜ 31.10.2024 ਤੋਂ C) 28-05-2025 (ਡੀ) ਦਸਤੀ ਕਬਜ਼ਾ	03/11/2026 From 11 AM to 4 PM / ਪੀ. ਐੱਨ. ਬੀ.-ਰੇਲਵੇ ਰੋਡ, ਪਠਾਨਕੋਟ (037800) ਨਾਲ ਇਕਵੀਟੇਬਲ ਮਾਰਟਗੇਜ	A) Rs 13,31,000/- B) Rs 1,33,100/- C) Rs 20,000/-

(2) ਸ਼੍ਰੀਮਤੀ ਸੰਦੀਪ ਕੌਰ ਮਾਰਫਤ ਸ਼੍ਰੀ ਸਵਿੰਦਰ ਸਿੰਘ, ਵਾਸੀ ਪਿੰਡ ਬੁੱਧੀ ਨਗਰ, ਕੋਠੀ ਨੰ. 174, ਨੇੜੇ ਰੇਲਵੇ ਲਾਈਨ, ਡਾਕਖਾਨਾ ਸੁਜਾਨਪੁਰ, ਤਹਿਸੀਲ ਤੇ ਜ਼ਿਲਾ ਪਠਾਨਕੋਟ-145023, ਮੋਬ.: 9465934726.

ਨਿਯਮ ਤੇ ਸ਼ਰਤਾਂ :(1) ਵਿਕਰੀ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਵਿਚ ਨਿਰਧਾਰਤ ਨਿਯਮਾਂ ਤੇ ਸ਼ਰਤਾਂ ਅਤੇ ਅੱਗੇ ਦੱਸੀਆਂ ਹੋਰ ਵਾਧੂ ਸ਼ਰਤਾਂ ਅਨੁਸਾਰ ਹੋਵੇਗੀ। (2) ਜਾਇਦਾਦਾਂ ਦੀ ਵਿਕਰੀ 'ਜਿਵੇਂ ਹੈ ਜਿੱਥੇ ਹੈ', 'ਜੋ ਹੈ ਜਿਵੇਂ ਹੈ' ਅਤੇ 'ਜੋ ਵੀ ਆਧਾਰ ਹੋਵੇ' 'ਤੇ ਕੀਤੀ ਜਾਵੇਗੀ। (3) ਉੱਪਰ ਸ਼ਡਿਊਲ ਵਿਚ ਦੱਸੇ ਗਏ ਸਕਿਓਰਡ ਅਸਾਸਿਆਂ ਦੇ ਵੇਰਵੇ ਅਧਿਕਾਰਤ ਅਫਸਰ ਵਲੋਂ ਸਰਵਉੱਤਮ ਜਾਣਕਾਰੀ ਦੇ ਆਧਾਰ 'ਤੇ ਦਿੱਤੇ ਗਏ ਹਨ ਪਰ ਅਧਿਕਾਰਤ ਅਫਸਰ ਇਸ ਐਲਾਨ ਵਿਚ ਕਿਸੇ ਗਲਤੀ, ਗਲਤ ਬਿਆਨੀ ਜਾਂ ਭੁੱਲ ਲਈ ਜਵਾਬਦੇਹ ਨਹੀਂ ਹੋਵੇਗਾ। (4) ਜਾਇਦਾਦ (†) ਉੱਪਰ ਕਿਸੇ ਵੀ ਭਾਰ ਬਾਰੇ ਬੈਂਕ/ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ ਹੈ। ਅਧਿਕਾਰਤ ਅਫਸਰ ਜਾਂ ਬੈਂਕ ਨਿਲਾਮੀਸ਼ੁਦਾ ਜਾਇਦਾਦਾਂ ਦੇ ਮਾਮਲੇ 'ਚ ਸਰਕਾਰ ਜਾਂ ਕਿਸੇ ਵੀ ਹੋਰ ਵੱਲ ਕਿਸੇ ਚਾਰਜ, ਗ੍ਰਹਿਣ ਅਧਿਕਾਰ, ਭਾਰਾਂ ਜਾਂ ਕਿਸੇ ਹੋਰ ਬਕਾਏ ਲਈ ਜ਼ਿੰਮੇਵਾਰ ਨਹੀਂ ਹੋਵੇਗਾ। (5) ਹਿਤਬੱਧ ਬੋਲੀਦਾਤੇ ਨੂੰ ਸਲਾਹ ਹੈ ਕਿ ਉਹ ਵਿਧਾਨਕ ਦੇਣਦਾਰੀਆਂ, ਪ੍ਰਾਪਰਟੀ ਟੈਕਸ ਦੇ ਬਕਾਏ, ਬਿਜਲੀ ਦੇ ਬਕਾਏ, ਕਿਸੇ ਵੀ ਵਿਭਾਗ ਤੋਂ ਐੱਨ. ਓ. ਸੀ. ਫਾਰਮ ਆਦਿ ਸਮੇਤ ਜਾਇਦਾਦ ਉੱਪਰ ਭਾਰਾਂ ਸਬੰਧੀ ਸੁਤੰਤਰ ਤੌਰ 'ਤੇ ਜਾਂਚ ਕਰ ਲਵੇ। ਬਕਾਇਆ ਖਰਚਿਆਂ/ਬਿਜਲੀ ਦੇ ਬਿੱਲ, ਹਾਊਸ ਟੈਕਸ ਆਦਿ ਨੂੰ ਨਿਲਾਮੀ ਖਰੀਦਦਾਰ ਵੱਲੋਂ ਸਹਿਣ ਕੀਤਾ ਜਾਵੇਗਾ। (6) ਸਕਿਓਰਡ ਕ੍ਰੈਡਿਟਰ ਵਿਕਰੀ ਕੀਤੀ ਜਾਣ ਵਾਲੀ ਜਾਇਦਾਦ (†) ਦੀ ਫਿਟਨੈੱਸ ਜਾਂ ਕੁਆਲਿਟੀ ਜਾਂ ਦੇਣਦਾਰੀ ਸਬੰਧੀ ਕਿਸੇ ਵੀ ਤਰ੍ਹਾਂ ਦੀ ਗਾਰੰਟੀ ਨਹੀਂ ਦੇਵੇਗਾ। (7) ਨਿਮਨਹਸਤਾਖਰੀ ਵਲੋਂ ਵਿਕਰੀ ਵੈੱਬਸਾਈਟ https://baanknet.com 'ਤੇ ਦਿੱਤੇ ਈ-ਨਿਲਾਮੀ ਪਲੇਟਫਾਰਮ ਰਾਹੀਂ 03.11.2026 ਨੂੰ ਸਵੇਰੇ 11 ਤੋਂ ਸ਼ਾਮ 4 ਵਜੇ ਦਰਮਿਆਨ ਉੱਪਰ ਦੱਸੇ ਸਮੇਂ 'ਤੇ ਕੀਤੀ ਜਾਵੇਗੀ। ਵਿਕਰੀ ਦੇ ਵਿਸਤ੍ਰਿਤ ਨਿਯਮ ਤੇ ਸ਼ਰਤਾਂ ਦੇਖਣ ਲਈ ਕਿਰਪਾ ਕਰ ਕੇ ਵੈੱਬਸਾਈਟਾਂ https://baanknet.com ਤੇ https://pnb.bank.in/ ਦਾ ਹਵਾਲਾ ਲਵੋ। (8) ਰਾਖਵੀਂ ਕੀਮਤ ਤੋਂ ਵੱਧ ਘੱਟੋ-ਘੱਟ ਇਕ ਬੋਲੀ ਰਕਮ ਲਾਜ਼ਮੀ ਹੈ।

ਸਰਫੇਸੀ ਐਕਟ, 2002 ਦੇ ਰੂਲ-9(1) ਤਹਿਤ ਵਿਧਾਨਕ ਵਿਕਰੀ ਨੋਟਿਸ

ਮਿਤੀ :: 14.10.2026
ਸਥਾਨ : ਪਠਾਨਕੋਟ

ਨਰੇਂਦਰ ਕੁਮਾਰ ਸ਼੍ਰੀਵਾਸਤਵ, ਅਧਿਕਾਰਤ ਅਫਸਰ
ਪੰਜਾਬ ਨੈਸ਼ਨਲ ਬੈਂਕ, ਸਕਿਓਰਡ ਕ੍ਰੈਡਿਟਰ